**SET-4**

**Series GBM**

ਕੋਡ ਨੰ. **223**

Candidates must write the Code on the title page of the answer-book.

ਰੋਲ ਨੰਬਰ | | | | | | | |

- ਕਿਰਪਾ ਕਰਕੇ ਨਿਰੀਖਣ ਕਰੋ ਲਵੋ ਕਿ ਇਸ ਪ੍ਰਸ਼ਨ ਪੱਤਰ ਤੇ ਛਪੇ ਹੋਏ **6** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **25** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ ।

- Please check that this question paper contains **6** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **25** questions.
- **Please write down the Serial Number of the question before attempting it.**
- 15 minutes time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਸਮਾਜਸ਼ਾਸਤ੍ਰ

## (ਪੰਜਾਬੀ ਉਲਥਾ)

# SOCIOLOGY

## (Punjabi Version)

*ਸਮਾਂ ਸੀਮਾਂ : 3 ਘੰਟੇ* | *ਪੂਰਨ ਅੰਕ : 80*

*Time allowed : 3 hours* | *Maximum Marks : 80*

***ਵਿਆਪਕ ਨਿਰਦੇਸ਼ :***

*(i)* *ਪ੍ਰਸ਼ਨਾਂ ਦੀ ਕੁਲ ਸੰਖਿਆ **25** ਹੈ ।*

*(ii)* ***ਸਾਰੇ** ਪ੍ਰਸ਼ਨ **ਜ਼ਰੂਰੀ** ਹਨ ।*

*(iii)* *ਪ੍ਰਸ਼ਨ ਸੰਖਿਆ **1 – 14** ਤਕ ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦੇ **2** ਅੰਕ ਹਨ । ਇਨ੍ਹਾਂ ਚੋਂ ਹਰ ਪ੍ਰਸ਼ਨ ਦਾ ਉੱਤਰ **30** ਸ਼ਬਦਾਂ ਤੋਂ ਵਧ ਨਹੀਂ ਹੋਣਾ ਚਾਹੀਦਾ ।*

*(iv)* *ਪ੍ਰਸ਼ਨ ਸੰਖਿਆ **15 – 21** ਤਕ ਲੰਬੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦੇ **4** ਅੰਕ ਹਨ । ਇਨ੍ਹਾਂ ਚੋਂ ਹਰ ਪ੍ਰਸ਼ਨ ਦਾ ਉੱਤਰ **80** ਸ਼ਬਦਾਂ ਤੋਂ ਵਧ ਨਹੀਂ ਹੋਣਾ ਚਾਹੀਦਾ ।*

*(v)* *ਪ੍ਰਸ਼ਨ ਸੰਖਿਆ **22 – 25** ਤਕ ਬਹੁਤ ਲੰਬੇ ਉੱਤਰ ਵਾਲੇ ਪ੍ਰਸ਼ਨ ਹਨ । ਹਰ ਇਕ ਪ੍ਰਸ਼ਨ ਦੇ **6** ਅੰਕ ਹਨ । ਇਨ੍ਹਾਂ ਚੋਂ ਹਰ ਪ੍ਰਸ਼ਨ ਦਾ ਉੱਤਰ **200** ਸ਼ਬਦਾਂ ਤੋਂ ਵਧ ਨਹੀਂ ਹੋਣਾ ਚਾਹੀਦਾ । ਪ੍ਰਸ਼ਨ ਸੰਖਿਆ **25** ਦਾ ਉੱਤਰ ਦਿੱਤੇ ਹੋਏ ਪੈਰੇ ਦੇ ਆਧਾਰ ਤੇ ਦੇਣਾ ਹੈ ।*

**1.** ਭਾਰਤ ਵਿਚ ਬਾਲ ਲਿੰਗ ਅਨੁਪਾਤ ਦੇ ਹਰਾਸ (ਪਤਨ) ਦੇ ਲਈ ਜੁਮੇਂਵਾਰ ਕਾਰਨਾਂ ਦੇ ਬਾਰੇ ਲਿੱਖੋ । *1+1=2*

**2.** ਜਨਜਾਤੀ ਕੀ ਹੁੰਦੀ ਹੈ ? *2*

**3.** ਬਾਜਾਰੀਕਰਣ ਨਾਲ ਕਿਹੋ ਜਹੇ ਬਦਲਾਵ ਆਏ ਹਨ ? *2*

4. ਵਿਸ਼ੇਸ ਅਧਿਕਾਰ ਪ੍ਰਾਪਤ ਅਲਪ ਸੰਖਅਕ ਕਿਵੇ ਰਾਜਨੀਤਕ ਰੂਪ ਵਿਚ ਆਲੋਚਨਾਯੋਗ ਕਿਵੇਂ ਹਨ ? *2*

5. "ਭਾਰਤੀ ਰਾਸ਼ਟਰਵਾਦ ਵਿਚ ਪ੍ਰਭਾਵਸ਼ਾਲੀ ਪਰਵਿਰਤੀ ਸਮਾਵੇਸ਼ੀ ਅਤੇ ਲੋਕਤੰਤਰਾਤਮਕ ਨਜ਼ਰੀਏ ਰਾਹੀਂ ਅੰਕਤ ਨਹੀ ।" ਇਸ ਕਥਨ ਵਿਚ ਤੁਸੀਂ 'ਸਮਾਵੇਸ਼ੀ' ਅਤੇ 'ਲੋਕਤੰਤਰਾਤਮਕ' ਸ਼ਬਦਾਂ ਤੋਂ ਕੀ ਸਮਝਦੇ ਹੋ ? *2*

6. ਉਦਯੋਗੀਕਰਣ, ਵਿਉਦਯੋਗੀਕਰਣ ਕਿਵੇਂ ਲਿਆਂਦਾ ਹੈ ? *2*

7. ਆਧੁਨਿਕਤਾ ਦਾ ਕੀ ਅਰਥ ਹੈ ? *2*

8. ਪੰਚਾਇਤਾਂ ਦੇ ਰਾਜਸਵ (ਆਮਦਨ) ਦੇ ਸਾਧਨ ਕਿਹੜੇ ਹਨ ? ਉਦਾਹਰਣ ਦਿਓ । *2*

9. ਟੀ.ਐਨ.ਸੀ. ਭਾਰਤੀ ਲੋਕਾਂ (ਸਰੋਤਿਆਂ) ਨਾਲ ਕਿਵੇਂ ਇਕਮਿਕ ਹੋ ਸਕਿਆ ? *2*

10. ਭਾਰਤੀ ਭਾਸ਼ਾਈ ਸਮਾਚਾਰ ਪਤਰਾਂ ਨੇ ਹਰ ਮਨ ਪਿਆਰਾ ਬਣਨ ਦੇ ਲਈ ਕਿਹੜੀਆਂ ਰਣਨੀਤੀਆਂ (strategies) ਦੀ ਵਰਤੋਂ ਕੀਤੀ ? *2*

11. ਸੰਚਾਰ ਮਾਧਿਅਮ ਲੋਕਤੰਤਰ ਦੇ "ਪਹਿਰੇਦਾਰ" ਕਿਵੇਂ ਹਨ ? *2*

12. ਸਮਾਜਕ ਪਰਿਵਰਤਨ ਅਤੇ ਸਮਾਜਕ ਅੰਦੋਲਨ ਵਿਚ ਅੰਤਰ ਸਪਸ਼ਟ ਕਰੋ । *1+1=2*

13. ਨਵੇਂ ਕਿਸਾਨ ਅੰਦੋਲਨਾਂ ਦੀਆਂ ਵਿਸ਼ੇਸ਼ਤਾਵਾਂ ਲਿੱਖੋ । *2*

14. ਉਹ ਮੁੱਦੇ ਲਿੱਖੋ ਜਿਨ੍ਹਾਂ ਨੇ ਝਾਰਖੰਡ ਦੇ ਨੇਤਾਵਾਂ ਨੂੰ ਭੜਕਾਇਆ । *2*

15. ਰਾਸ਼ਟਰੀ ਅਪਾਤਕਾਲ ਦੇ ਸਮੇਂ ਪਰਿਵਾਰ ਨਿਯੋਜਨ ਯੋਜਨਾ ਨੂੰ ਝਟਕਾ ਲੱਗਾ । ਕਾਰਨ ਲਿੱਖੋ । *4*

**ਜਾਂ**

"ਸਿੱਖਿਅਤ ਹੋਣ ਦੇ ਲਈ ਸਾਖਰਤਾ ਦੀ ਸ਼ਰਤ ਸ਼ਕਤੀ ਸੰਪੱਨ ਹੋਣ ਦਾ ਮਹਤਵਪੂਰਨ ਸਾਧਨ ਹੈ ।" ਵਿਵੇਚਨਾ ਕਰੋ । *4*

16. ਸਮਾਜਕ ਸੰਰਚਨਾ ਵਿਚ ਪਰਿਵਰਤਨ ਕਿਵੇਂ ਪਰਵਾਰਿਕ ਸੰਰਚਨਾਂ ਨੂੰ ਬਦਲਦਾ ਹੈ ? *2+2=4*

17. ਉਦਾਰਵਾਦੀ ਨੀਤੀ ਨੇ ਭਾਰਤੀ ਬਜਾਰ ਨੂੰ ਕਿਵੇ ਪ੍ਰਭਾਵਿਤ ਕੀਤਾ ? *4*

18. ਤੁਸੀਂ ਕੀ ਸੋਚਦੇ ਹੋ ਕਿ ਰਾਜਾਂ ਦੀ ਭਾਸ਼ਾਈ ਪਛਾਣ ਭਾਰਤ ਦੇ ਲਈ ਸਹਾਇਕ ਰਹੀ ਜਾਂ ਹਾਨੀਕਾਰਕ ? ਵਿਵੇਚਨਾ ਕਰੋ । *4*

**ਜਾਂ**

ਧਰਮਨਿਰਪੇਖਤਾ ਨੂੰ ਇਸਦੇ ਦੋ ਰੂਪਾਂ ਵਿਚ ਕਿਵੇਂ ਸਮਝ ਸਕਦੇ ਹਾਂ ? *4*

19. ਐਮ.ਐਸ.ਏ. ਰਾਵ ਰਾਹੀ ਦਿਤੀ ਗਈ ਨਗਰੀ ਪ੍ਰਭਾਵ ਦੀਆਂ ਤਿੰਨ ਵੱਖੋ ਵਖ ਸਥਿਤੀਆਂ ਦੀ ਵਿਆਖਿਆ ਕਰੋ । *4*

20. ਆਧੁਨਿਕੀਕਰਣ ਅਤੇ ਧਰਮਨਿਰਪੇਖਵਾਦ ਵਿਚ ਕੀ ਸੰਬੰਧ ਹੈ ? *4*

21. ਉਦਾਹਰਣ ਸਹਿਤ ਪ੍ਰਤੀਯੋਗੀ ਹਿਤਾਂ ਦੀ ਧਾਰਨਾ ਦੀ ਵਿਆਖਿਆ ਕਰੋ । *4*

**ਜਾਂ**

ਇਕ ਲੋਕਤੰਤਰੀ ਸੰਸਥਾ ਵਿਚ ਕੰਮ ਕਰਨ ਵਿਚ ਅਸਮਾਨਤਾ ਕਿਵੇਂ ਬਾਧਾ (ਅੜਿਕਾ) ਪੈਦਾ ਕਰਦੀ ਹੈ ? *4*

22. ਠੇਕੇ ਤੇ ਖੇਤੀ (ਕੰਟਰੇਕਟ ਫਾਰਮਿੰਗ) ਦੀ ਵਿਆਖਿਆ ਕਰਦੇ ਹੋਏ ਇਸ ਤੋਂ ਹੋਣ ਵਾਲੇ ਲਾਭਾਂ ਉਪਰ ਰੋਸ਼ਨੀ ਪਾਓ । *6*

23. "ਭੂਮੰਡਲੀਕਰਣ ਵੱਖੋ ਵਖ ਪ੍ਰਕਾਰ ਦੇ ਲੋਕਾਂ ਨੂੰ ਵੱਖੋ ਵਖ ਪ੍ਰਕਾਰ ਨਾਲ ਪ੍ਰਭਾਵਤ ਕਰਦਾ ਹੈ ।" ਵਿਆਖਿਆ ਕਰੋ । *6*

24. ਭੂਮੰਡਲੀਕਰਣ ਅਤੇ ਉਦਾਰੀਕਰਣ ਤੋਂ ਪਿਛੋਂ ਭਾਰਤੀ ਉਦਯੋਗਾਂ ਵਿਚ ਆਉਣ ਵਾਲੇ ਪਰਿਵਰਤਨਾਂ ਦਾ ਵਰਣਨ ਕਰੋ । *6*

**25.** ਹੇਠ ਦਿੱਤੇ ਗਏ ਪੈਰੇ ਨੂੰ ਪੜ੍ਹੋ ਅਤੇ ਹੇਠ ਲਿੱਖੇ ਪ੍ਰਸ਼ਨਾਂ ਦੇ ਉੱਤਰ ਦਿਓ :

ਕੁਮਾਰ ਗੋਹਾਨਾਂ ਦੇ ਦਲਿਤਾਂ ਦੀ ਹਿੰਮਤ ਦਾ ਪ੍ਰਤੀਕ ਹੈ । ਉਨ੍ਹਾਂ ਦੀ ਉਮਰ 30 – 32 ਸਾਲ ਹੈ । ਉਹ ਝਾੜੂ ਲਗਾਉਣ ਦਾ ਕੰਮ ਨਹੀਂ ਕਰਦੇ ਜਿਹੜਾ ਜਾਤੀ ਸਮਾਜ ਨੇ ਉਹਨਾਂ ਨੂੰ ਕਿਹਾ ਸੀ, ਉਹ ਇਕ ਬੀਮਾ ਕੰਪਨੀ ਵਿਚ ਸਰੇਸ਼ਠ ਸਹਾਇਕ ਹਨ । ਵਧੇਰੇ ਦਲਿਤਾਂ ਨੇ ਵਿਦਿਆ ਨੂੰ ਅਪਣਾ ਲਿਆ ਹੈ । ਉਹ ਜਾਤੀ ਵਿਵਸਥਾ ਦੀ ਰੋਕ ਦੀ ਰੇਖਾ ਨੂੰ ਪਾਰ ਕਰ ਗਏ ਹਨ । "ਸਾਡੇ ਵਿਚੋਂ ਬਹੁਤ ਸਾਰਿਆਂ ਨੇ ਮਾਸਟਰਸ ਡਿਗਰੀ ਹਾਸਲ ਕਰ ਲਈ ਹੈ ਅਤੇ ਉਹ ਸਰਕਾਰੀ ਅਤੇ ਗੈਰ ਸਰਕਾਰੀ ਨੌਕਰੀਆਂ ਕਰ ਰਹੇ ਹਨ । ਸਾਡੇ ਜ਼ਿਆਦਾਤਰ ਲੜਕੇ ਸਕੂਲ ਜਾਂਦੇ ਹਨ ਅਤੇ ਲੜਕੀਆਂ ਵੀ ਸਕੂਲ ਜਾਂਦੀਆਂ ਹਨ ।" ਕੁਮਾਰ ਨੇ ਕਿਹਾ । [...] ਬਾਲਮੀਕੀ ਕਲੋਨੀ ਦੇ ਜਵਾਨ ਲੋਕ ਹੁਣ ਪੁਰਾਣੇ ਢੰਗ ਦੇ ਦੱਬੇ ਹੋਏ ਤਕਲੀਫਾਂ ਸਹਿਣ ਵਾਲੇ ਦਲਿਤ ਨਹੀਂ ਰਹੇ ਜਿਵੇਂ ਲੋਕ ਪਰੰਪਰਾ ਦੇ ਤੌਰ ਤੇ ਸੋਚਦੇ ਹੋਣਗੇ । ਨਾਇਕ ਜੂਤੇ ਅਤੇ ਰੇਂਗਲਰ ਜੀਨਸ ਦੀ ਨਕਲ ਕਰਕੇ ਬਣਾਏ ਗਏ ਜੁਤਿਆਂ ਅਤੇ ਜੀਨਸ ਵਿਚ ਸਜੇ ਇਨ੍ਹਾਂ ਜਵਾਨਾਂ ਦੇ ਹਾਵ ਭਾਵ ਗੁਸਤਾਖ ਨਜ਼ਰ ਆਉਂਦੇ ਹਨ । ਪਰ, ਹਰਿਆਣਾ ਦੇ ਭੂਮੀਹੀਨ ਦਲਿਤਾਂ ਵਿਚੋਂ ਜ਼ਿਆਦਾਤਰ ਦੇ ਲਈ ਸਮਾਜ ਵਿਚ ਉੱਪਰ ਵਲ ਵਧਣਾ ਹਾਲਾਂ ਵੀ ਮੁਸ਼ਕਿਲ ਬਣਿਆ ਹੋਇਆ ਹੈ । "ਵਧੇਰੇ ਲੜਕੇ ਹਾਈ-ਸਕੂਲ ਤੋਂ ਪਿੱਛੋਂ ਪੜ੍ਹਾਈ ਛੋੜ ਦੇਂਦੇ ਹਨ ਕਿਉਂਕਿ ਉਹ ਬਹੁਤ ਗਰੀਬ ਹਨ," ਸੁਦੇਸ਼ ਕਟਾਰੀਆ ਨੇ ਕਿਹਾ, ਜੋ ਕਿ ਇਕ ਬਹੁਰਾਸ਼ਟਰੀ ਕੰਪਨੀ ਵਿਚ ਇਕ ਸਹਾਇਕ ਇੰਜੀਨਿਯਰ ਦੇ ਪਦ ਤੇ ਕੰਮ ਕਰ ਰਿਹਾ ਹੈ । ਉਨ੍ਹਾਂ ਨੇ ਗੁੜਗਾਂਵ ਦੇ ਉਦਯੋਗਿਕ ਪ੍ਰਸ਼ਿਕਸ਼ਣ ਸੰਸਥਾਨ ਤੋਂ ਵਿਦਯੁਤ ਇੰਜਨੀਅਰਿੰਗ ਵਿਚ ਡਿਪਲੋਮਾ ਪਾਸ ਕਰ ਲਿਆ ਸੀ । ਉਨ੍ਹਾਂ ਦੇ ਇਕ ਖਾਸ ਦੋਸਤ, ਜੋ ਕਿ ਜਾਤੀ ਦਾ ਜਾਟ ਸੀ ਨੇ ਵੀ ਉਸ ਹੀ ਸੰਸਥਾਨ ਤੋਂ ਡਿਪਲੋਮਾ ਧਾਰੀ ਸੀ, ਉਨ੍ਹਾਂ ਨੂੰ ਆਪਣੇ ਪਰਿਵਾਰ ਵਿਚ ਸ਼ਾਦੀ ਵਿਚ ਸ਼ਾਮਿਲ ਹੋਣ ਲਈ ਨਿਓਤਾ ਦਿਤਾ, ਨਾਲ ਹੀ ਤਾਕੀਦ ਕੀਤੀ ਕਿ ਉਹ ਆਪਣੀ ਜਾਤੀ ਦੀ ਪਛਾਣ ਨਾ ਦੱਸੋ । "ਵਿਆਹ ਸਮਰੋਹ ਵਿਚ ਕਿਸੇ ਮੇਹਮਾਨ ਨੇ ਮੇਰੀ ਜਾਤੀ ਪੁਛੀ ਤਾਂ ਮੈਂ ਝੂਠ ਬੋਲ ਦਿਤਾ । ਫਿਰ ਉਸ ਨੇ ਪਿੰਡ ਦਾ ਨਾਮ

ਪੁਛਿਆ ਜੋ ਕਿ ਮੈਂ ਸਹੀ ਸਹੀ ਦਸਿਆ । ਉਹ ਜਾਣਦਾ ਸੀ ਕਿ ਇਹ ਪਿੰਡ ਦਲਿਤਾਂ ਦਾ ਹੈ ।" ਘਰਵਾਲਿਆਂ ਅਤੇ ਮਿਹਮਾਨਾਂ ਵਿਚ ਝਗੜਾ ਹੋ ਗਿਆ – ਉਨ੍ਹਾਂ ਨੇ ਇਕ ਦਲਿਤ ਨੂੰ ਅੰਦਰ ਕਿਵੇਂ ਆਣ ਦਿੱਤਾ ? "ਉਨ੍ਹਾਂ ਨੇ ਧੱਕੇ ਮਾਰ ਕੇ ਮੈਨੂੰ ਬਾਹਰ ਕਢ ਦਿਤਾ ਅਤੇ ਜਿਸ ਕੁਰਸੀ ਉਪਰ ਮੈਂ ਬੈਠਾ ਸੀ ਉਸਨੂੰ ਧੋਤਾ ।" ਕਟਾਰੀਆ ਨੇ ਪੁਰਾਣਾ ਕਿੱਸਾ ਸੁਣਾਇਆ ।

ਕਟਾਰੀਆ ਦਲਿਤਾਂ ਦੇ ਲਈ ਨਵੀਂ ਜਿੰਦਗੀ ਚਾਹੁੰਦੇ ਹਨ – ਉਹ ਦੂਸਰੇ ਪੜ੍ਹੇ ਲਿਖੇ ਨੋਜਵਾਨਾ ਨਾਲ ਮਿਲ ਕੇ ਗੁੜਗਾਂਵ ਦੇ ਪਿੰਡਾਂ ਵਿਚ ਅੰਦੋਲਨ ਚਲਾਂਦੇ ਹਨ । "ਸਾਡੇ ਲੋਕ ਜਾਗਰੂਕ, ਤਾਕਤਵਰ ਅਤੇ ਸ਼ਕਤੀਸ਼ਾਲੀ ਹੋਣਗੇ । ਸਾਨੂੰ ਇਕ ਜੁਟ ਹੋਣ ਦੀ ਲੋੜ ਹੈ ਅਤੇ ਇਕ ਵਾਰੀ ਅਸੀ ਇਕ ਜੁਟ ਹੋ ਜਾਵਾਂਗੇ ਤਾਂ ਚੰਗੀ ਤਰਾਂ ਮੁਕਾਬਲਾ ਕਰ ਸਕਾਂਗੇ, ਤਾਂ ਗੋਹਾਣਾ, ਯਾ ਝੱਜਰ ਜਹੇ ਕਾਂਡ ਨਹੀਂ ਹੋਣਗੇ ਅਤੇ ਨਾ ਹੀ ਕੋਈ ਅਜੇਹੀ ਦੁਰਘਟਨਾ ।"

(a) ਦਲਿਤ ਦਾ ਕੀ ਅਰਥ ਹੁੰਦਾ ਹੈ ? *2*

(b) ਰਾਜ ਰਾਹੀਂ ਜਾਤੀ ਦੇ ਅਧਾਰ ਤੇ ਪਖਪਾਤ ਨੂੰ ਸਮਾਪਤ ਕਰਨ ਦੇ ਲਈ ਕੀਤੇ ਗਏ ਉਪਰਾਲਿਆਂ ਉਪਰ ਰੋਸ਼ਨੀ ਪਾਓ । *4*